'ਮੇਰਾ ਘਰ, ਮੇਰੇ ਨਾਮ' ਸਕੀਮ ਤਹਿਤ ਲੋਕਾਂ ਨੂੰ ਘਰਾਂ ਦੇ ਮਾਲਕੀ ਹੱਕ ਦੇਣ ਦੀ ਦਿਸ਼ਾ ਵਿੱਚ ਅਹਿਮ ਉਪਰਾਲਾ



ਧੂਰੀ, 27 ਅਕਤੂਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ): ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਰਣੀਕੇ ਵਿਖੇ 'ਮੇਰਾ ਘਰ, ਮੇਰੇ ਨਾਮ' ਸਕੀਮ ਤਹਿਤ 144 ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਵੰਡੇ। ਇਸ ਉਪਰਾਲੇ ਦਾ ਉਦੇਸ਼ ਯੋਗ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਜਾਇਦਾਦ ਸਬੰਧੀ ਦਸਤਾਵੇਜ਼ੀ ਸੁਰੱਖਿਆ ਮੁਹੱਈਆ ਕਰਵਾਉਣਾ ਹੈ।

ਇਸ ਮੌਕੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਘਰ ਹਰ ਪਰਿਵਾਰ ਦੀ ਬੁਨਿਆਦੀ ਲੋੜ ਹੈ ਅਤੇ ਆਪਣੇ ਘਰ ਦੀ ਮਾਲਕੀ ਦਾ ਅਧਿਕਾਰ ਲੋਕਾਂ ਨੂੰ ਸਮਾਜਿਕ ਤੇ ਆਰਥਿਕ ਸੁਰੱਖਿਆ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਪਰਟੀ ਕਾਰਡ ਮਿਲਣ ਨਾਲ ਲਾਭਪਾਤਰੀਆਂ ਨੂੰ ਆਪਣੇ ਘਰਾਂ ਸਬੰਧੀ ਮਾਲਕੀ ਦੇ ਹੱਕਾਂ ਨੂੰ ਦਸਤਾਵੇਜ਼ੀ ਰੂਪ ਵਿੱਚ ਸੁਰੱਖਿਅਤ ਕਰਨ ਵਿੱਚ ਮਦਦ ਮਿਲੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਜਾਇਜ਼ ਹੱਕ ਦਿਵਾਉਣ ਲਈ ਵਚਨਬੱਧ ਹੈ। 'ਮੇਰਾ ਘਰ, ਮੇਰੇ ਨਾਮ' ਸਕੀਮ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਰਾਲਾ ਹੈ, ਜਿਸ ਰਾਹੀ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਪ੍ਰਦਾਨ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ।

ਡੀ.ਐੱਸ.ਪੀ. ਨੇ ਕੀਤੀ ਕੈਮਿਸਟ ਐਸੋਸੀਏਸ਼ਨ ਨਾਲ ਮੀਟਿੰਗ



ਮੂਨਕ, 27 ਅਕਤੂਬਰ (ਸਮਸ਼ੇਰ ਸਿੰਘ): ਡੀਐੱਸਪੀ ਮੂਨਕ ਰਜੇਸ਼ ਸਨੇਹੀ ਨੇ ਕੈਮਿਸਟ ਐਸੋਸੀਏਸ਼ਨ ਮੂਨਕ ਦੇ ਸਮੂਹ ਮੈਂਬਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਪੰਜਾਬ ਵਿੱਚ ਚੱਲ ਰਹੇ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ, ਪੰਜਾਬ ਦੇ ਡੀਜੀਪੀ ਅਤੇ ਐੱਸਐੱਸਪੀ ਸੰਗਰੂਰ ਵੱਲੋ ਜਾਰੀ ਹਦਾਇਤਾਂ ਅਨੁਸਾਰ ਕੈਮਿਸਟਾਂ ਨੂੰ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ।

ਮੀਟਿੰਗ ਦੌਰਾਨ ਉਹਨਾਂ ਕਿਹਾ ਕਿ ਕੋਈ ਵੀ ਕੈਮਿਸ਼ਟ ਸਰਕਾਰ ਵੱਲੋ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਨਾ ਕਰੇ। ਉਨ੍ਹਾਂ ਕਿਹਾ ਕਿ ਡਰੱਗ ਵਿਭਾਗ ਵੱਲੋ ਜਾਰੀ ਹਦਾਇਤਾਂ ਅਨੁਸਾਰ ਦਵਾਈਆਂ ਦੀ ਖ਼ਰੀਦ-ਫ਼ਰੋਖ਼ਤ ਦਾ ਪੂਰਾ ਰਿਕਾਰਡ ਰੱਖਣਾ ਯਕੀਨੀ ਬਣਾਇਆ ਜਾਵੇ, ਤਾਂ ਜੋ ਦਵਾਈਆਂ ਦੀ ਵਿਕਰੀ ਵਿੱਚ ਪਾਰਦਰਸ਼ਤਾ ਬਣੀ ਰਹੇ ਅਤੇ ਨਿਯਮਾਂ ਦੀ ਉਲੰਘਣਾ ਨਾ ਹੋਵੇ।

ਉਨ੍ਹਾਂ ਕੈਮਿਸਟਾਂ ਨੂੰ ਇਹ ਵੀ ਅਪੀਲ ਕੀਤੀ ਕਿ ਕਿਸੇ ਵੀ ਨਸ਼ੇ ਦੀ ਲਤ ਨਾਲ ਜੂਝ ਰਹੇ ਵਿਅਕਤੀ ਨੂੰ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ ਸਰਿੰਜਾਂ ਆਦਿ ਨਾ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਪੁਲਿਸ ਪ੍ਰਸ਼ਾਸਨ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

ਉਹਨਾਂ ਕਿਹਾ ਕਿ ਸਾਰਿਆਂ ਨੂੰ ਮਿਲ-ਜੁਲ ਕੇ ਸਮਾਜ ਨੂੰ ਬਿਹਤਰ ਅਤੇ ਨਸ਼ਾ ਮੁਕਤ ਬਣਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕੈਮਿਸਟ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾਉਣ। ਇਸ ਦੌਰਾਨ ਕੈਮਿਸ਼ਟ ਐਸੋਸੀਏਸ਼ਨ ਵੱਲੋਂ ਪ੍ਰਧਾਨ ਡਾ ਫਕੀਰ ਚੰਦ ਬਾਂਸਲ ਅਤੇ ਸਕੱਤਰ ਪ੍ਰਵੀਨ ਮਦਾਨ ਨੇ ਵਿਸ਼ਵਾਸ ਦਿਵਾਇਆ ਕੀ ਐਸੋਸੀਏਸ਼ਨ ਵਲੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਸੇਲ ਪਰਚੇਜ ਕੀਤੀ ਜਾਵੇਗੀ। ਅਤੇ ਪ੍ਰਸ਼ਾਸਨ ਨੂੰ ਹਰ ਤਰਾਂ ਦਾ ਸਹਿਯੋਗ ਦਿੱਤਾ ਜਾਵੇਗਾ। ਇਸ ਸਮੇ ਮੀਟਿੰਗ ਵਿੱਚ ਡੀ ਐਸ ਪੀ ਰੀਡਰ ਸਹਾਇਕ ਥਾਣੇਦਾਰ ਹਰਮੇਸ਼ ਸਿੰਘ ਤੇ ਹੋਰ ਸਟਾਫ ਅਤੇ ਕੈਮਿਸ਼ਟਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

ਪੰਜਾਬ ਨੂੰ ਨਸ਼ਾਮੁਕਤ ਕਰਨ ਲਈ ਖੇਡ ਅਕੈਡਮੀਆਂ ਅਤੇ ਗਰਾਊਂਡਾਂ ਦੀ ਸਖ਼ਤ ਲੋੜ : ਹਰਦੀਪ ਸ਼ਰਮਾ



ਕੋਟਕਪੂਰਾ, 27 ਅਕਤੂਬਰ (ਗੁਰਦੀਪ ਸਿੰਘ ਢਿੱਲੋਂ): ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਜਾਲ ਨੂੰ ਠੱਲ੍ਹ ਪਾਉਣ ਅਤੇ ਨੌਜਵਾਨੀ ਨੂੰ ਮੁੜ ਸਹੀ ਰਸਤੇ ਲਿਆਉਣ ਲਈ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਫਰੀਦਕੋਟ ਤੋਂ ਮੀਤ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਸੰਭਾਵੀ ਉਮੀਦਵਾਰ ਹਰਦੀਪ ਸ਼ਰਮਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਅੱਜ ਪੰਜਾਬ ਵਿੱਚ ਜਿੰਨੀ ਜਰੂਰਤ ਨਸ਼ਿਆਂ ਨੂੰ ਖਤਮ ਕਰਨ ਦੀ ਹੈ, ਉਨੀ ਹੀ ਲੋੜ ਹਰ ਪਿੰਡ ਵਿੱਚ ਵਾਲੀਬਾਲ, ਬਾਸਕਟਬਾਲ ਅਤੇ ਕਬੱਡੀ ਵਰਗੀਆਂ ਖੇਡਾਂ ਦੇ ਗਰਾਊਡ ਬਣਾਉਣ ਦੀ ਹੈ। ਉਹਨਾਂ ਮੰਗ ਕੀਤੀ ਕਿ ਪੰਜਾਬ ਵਿੱਚ ਵੱਖ-ਵੱਖ ਖੇਡਾਂ ਦੀਆਂ ਅਕੈਡਮੀਆਂ ਸਥਾਪਿਤ ਕੀਤੀਆਂ ਜਾਣ ਅਤੇ ਦੋ-ਤਿੰਨ ਪਿੰਡਾਂ ਦਾ ਇੱਕ ਸਾਂਝਾ ਜਿਮ ਖੋਲ੍ਹਿਆ ਜਾਵੇ, ਜਿੱਥੇ ਵਿਸ਼ੇਸ਼ ਟ੍ਰੇਨਰ, ਯੋਗ ਕੋਚ ਅਤੇ ਪੀ.ਟੀ. ਆਈ. ਇੰਸਟਰਕਟਰ ਨਿਯੁਕਤ ਕੀਤੇ ਜਾਣ। ਇਹ ਕੋਚ ਸਿਰਫ਼ ਨੌਜਵਾਨਾਂ ਨੂੰ ਹੀ ਨਹੀ, ਬਲਕਿ ਹਰ ਉਮਰ ਦੇ ਵਿਅਕਤੀ ਨੂੰ ਯੋਗਾ ਅਤੇ ਕਸਰਤਾਂ ਕਰਵਾ ਕੇ ਸਰੀਰਕ ਪੱਖੋ ਫਿੱਟ ਰੱਖਣ ਵਿੱਚ ਮਦਦ ਕਰਨ। ਹਰਦੀਪ ਸ਼ਰਮਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਡਾ ਪੰਜਾਬ ਕਦੇ ਕਬੱਡੀਆਂ, ਕੁਸ਼ਤੀਆਂ, ਅਖਾੜਿਆਂ ਅਤੇ ਛਿੰਝਾਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਸੀ ਪਰ ਅੱਜ ਹਾਲਾਤ ਬਹੁਤ ਤਰਸਯੋਗ ਬਣ ਚੁੱਕੇ ਹਨ। ਜ਼ਿਕਰਯੋਗ ਹੈ ਕਿ ਸ੍ਰੀ ਹਰਦੀਪ ਸ਼ਰਮਾ ਲੰਬੇ ਸਮੇ ਤੋਂ ਭਾਜਪਾ ਦੇ ਸਿਰਕੱਢ ਆਗੂ ਵਜੋ ਸੇਵਾਵਾਂ ਨਿਭਾ ਰਹੇ ਹਨ ਅਤੇ ਇਸ ਵਾਰ ਹਲਕਾ ਕੋਟਕਪੂਰਾ ਤੋ ਭਾਜਪਾ ਦੀ ਟਿਕਟ ਦੇ ਮਜ਼ਬੂਤ ਦਾਵੇਦਾਰ ਹਨ। ਇਸ ਮੌਕੇ ਉਹਨਾਂ ਦੇ ਨਾਲ ਅੰਮ੍ਰਿਤ ਲਾਲ ਸ਼ਰਮਾ (ਸਾਬਕਾ ਸਰਪੰਚ), ਜਸਪਾਲ ਸਿੰਘ ਪੰਜਗਰਾਈ, ਕ੍ਰਿਸ਼ਨ ਨਾਰੰਗ, ਬਲਵਿੰਦਰ ਸਿੰਘ (ਸਾਬਕਾ ਸਰਪੰਚ), ਮੁਹੰਮਦ ਰੌਣਕ ਤੋਂ ਇਲਾਵਾ ਹੋਰ ਵੀ ਕਈ ਪਾਰਟੀ ਆਗੂ ਤੇ ਸਮਰਥਕ ਹਾਜ਼ਰ ਸਨ।

ਬਲਵਿੰਦਰ ਸਿੰਘ ਪਟਵਾਰੀ ਵੱਲੋਂ ਪਾਰਟੀ ਆਗੂਆਂ, ਵਰਕਰਾਂ ਤੇ ਲੋਕਾਂ ਨਾਲ ਤਾਲਮੇਲ ਦੀ ਮੁਹਿੰਮ ਜਾਰੀ



ਬੁਢਲਾਡਾ, 27 ਅਕਤੂਬਰ (ਦਵਿੰਦਰ ਸਿੰਘ ਕੋਹਲੀ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਅਤੇ ਹਰ ਆਗੂ, ਵਰਕਰ ਤੇ ਆਮ ਲੋਕਾਂ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਲਈ ਵਿੱਢੀ ਮੁਹਿੰਮ ਤਹਿਤ ਹਲਕਾ ਬੁਢਲਾਡਾ ਦੇ ਇੰਚਾਰਜ ਬਲਵਿੰਦਰ ਸਿੰਘ ਪਟਵਾਰੀ ਹਾਕਮਵਾਲਾ ਵੱਲੋ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਇਸੇ ਲੜੀ ਤਹਿਤ ਅੱਜ ਉਨ੍ਹਾਂ ਨੇ ਹਲਕੇ ਦੇ ਪਿੰਡ ਗੜੱਦੀ ਵਿਖੇ ਸਰਕਲ ਪ੍ਰਧਾਨ ਜਥੇਦਾਰ ਰਮਨਦੀਪ ਸਿੰਘ ਦੇ ਗ੍ਰਹਿ ਵਿਖੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਜਥੇਦਾਰ ਰਮਨਦੀਪ ਸਿੰਘ ਗੜੱਦੀ ਅਤੇ ਹੋਰ ਸਾਥੀਆਂ ਵੱਲੋ ਬਲਵਿੰਦਰ ਸਿੰਘ ਪਟਵਾਰੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਪਾਰਟੀ ਦੀ ਮਜ਼ਬੂਤੀ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।

ਮੀਟਿੰਗ ਦੌਰਾਨ ਜਥੇਦਾਰ ਰਮਨਦੀਪ ਸਿੰਘ ਗੜੱਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ, ਜਿਸ ਦੀਆਂ ਜੜ੍ਹਾਂ ਸੂਬੇ ਦੇ ਲੋਕਾਂ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਫ਼ਲਤਾ ਹਾਸਲ ਕਰਨ ਲਈ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਇਕਜੁੱਟ ਹੋ ਕੇ ਮਿਹਨਤ ਕਰਨ ਦੀ ਲੋੜ ਹੈ। ਉਨ੍ਹਾਂ ਨੇ ਪਾਰਟੀ ਦੀ ਮਜ਼ਬੂਤੀ ਲਈ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚ ਬਣਾਉਣ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਬਲਵਿੰਦਰ ਸਿੰਘ ਪਟਵਾਰੀ ਹਾਕਮਵਾਲਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਕੇ ਦੇ ਆਗੂਆਂ, ਵਰਕਰਾਂ ਅਤੇ ਆਮ ਲੋਕਾਂ ਨਾਲ ਲਗਾਤਾਰ ਤਾਲਮੇਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਹਰ ਵਰਕਰ ਦੀ ਅਹਿਮ ਭੂਮਿਕਾ ਹੈ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਹੀ ਇਸ ਮੁਹਿੰਮ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਕੇ ਉਨ੍ਹਾਂ ਦੇ ਵਿਚਾਰਾਂ ਅਤੇ ਸਮੱਸਿਆਵਾਂ ਨੂੰ ਸਮਝਣਾ ਪਾਰਟੀ ਦੀ ਪਹਿਲ ਹੈ।

ਬਲਵਿੰਦਰ ਸਿੰਘ ਪਟਵਾਰੀ ਨੇ ਜਥੇਦਾਰ ਰਮਨਦੀਪ ਸਿੰਘ ਗੜੱਦੀ ਅਤੇ ਸਮੂਹ ਸਾਥੀਆਂ ਵੱਲੋ ਕੀਤੇ ਨਿੱਘੇ ਸਵਾਗਤ ਅਤੇ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਵਰਕਰਾਂ ਦਾ ਪਿਆਰ ਅਤੇ ਸਹਿਯੋਗ ਹੀ ਪਾਰਟੀ ਦੀ ਅਸਲ ਤਾਕਤ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਸਾਂਝੇ ਯਤਨਾਂ ਨਾਲ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਡਰੱਗ ਕੰਟਰੋਲ ਅਫ਼ਸਰ ਵੱਲੋਂ ਪੁਲਿਸ ਟੀਮ ਸਮੇਤ ਮੈਡੀਕਲ ਸਟੋਰ ਦੀ ਜਾਂਚ




ਫਿਰੋਜ਼ਪੁਰ, 27 ਅਕਤੂਬਰ (ਤਿਵਾੜੀ): ਡਰੱਗ ਕੰਟਰੋਲ ਅਫ਼ਸਰ ਸੋਨੀਆ ਗੁਪਤਾ ਵੱਲੋਂ ਪੁਲਿਸ ਟੀਮ ਦੇ ਸਹਿਯੋਗ ਨਾਲ ਫਿਰੋਜ਼ਪੁਰ ਸ਼ਹਿਰ ਦੇ ਭਾਰਤ ਨਗਰ, ਖਾਈ ਰੋਡ 'ਤੇ ਸਥਿਤ ਐਮ/ਐਸ ਏ.ਆਰ. ਫਾਰਮੇਸੀ ਦੀ ਜਾਂਚ ਕੀਤੀ ਗਈ।

ਡਰੱਗ ਕੰਟਰੋਲ ਅਫ਼ਸਰ ਸੋਨੀਆ ਗੁਪਤਾ ਨੇ ਦੱਸਿਆ ਕਿ ਇਸ ਜਾਂਚ ਦੌਰਾਨ ਦੋ ਕਿਸਮਾਂ ਦੀਆਂ ਐਲੋਪੈਥਿਕ ਦਵਾਈਆਂ ਜ਼ਬਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪ੍ਰੀਗਾਬਾਲਿਨ 300 ਐਮ.ਜੀ. ਦੇ 108 ਕੈਪਸੂਲ ਅਤੇ ਟੈਪੈਂਟਾਡੋਲ ਦੀਆਂ 80 ਗੋਲੀਆਂ ਸ਼ਾਮਲ ਹਨ। ਜ਼ਬਤ ਕੀਤੀਆਂ ਦਵਾਈਆਂ ਦੀ ਕੁੱਲ ਕੀਮਤ 4,392 ਰੁਪਏ ਹੈ। ਇਸ ਮਾਮਲੇ ਸਬੰਧੀ ਡਰੱਗ ਕੰਟਰੋਲ ਅਫ਼ਸਰ ਵੱਲੋ ਪੁਲਿਸ ਨੂੰ ਬੀ.ਐੱਨ.ਐੱਸ. ਦੀਆਂ ਲਾਗੂ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕਰਨ ਲਈ ਕਿਹਾ ਗਿਆ। ਇਸ ਦੇ ਨਾਲ ਹੀ ਮੌਕੇ 'ਤੇ ਹੀ ਸਬੰਧਤ ਮੈਡੀਕਲ ਸਟੋਰ ਨੂੰ ਸੀਲ ਕਰ ਦਿੱਤਾ ਗਿਆ।

ਡਰੱਗ ਕੰਟਰੋਲ ਅਫ਼ਸਰ ਵੱਲੋ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਤਹਿਤ ਨਸ਼ੀਲੀ ਅਤੇ ਨਿਯੰਤਰਿਤ ਦਵਾਈਆਂ ਦੀ ਗੈਰਕਾਨੂੰਨੀ ਵਿਕਰੀ ਖ਼ਿਲਾਫ਼ ਅਜਿਹੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ ਅਤੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ

ਕਰੋਦਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਦੀ ਲਗਾਤਾਰ ਪੰਜਵੀਂ ਵਾਰ ਸਰਬਸੰਮਤੀ ਨਾਲ ਚੋਣ

ਖਨੌਰੀ, 27 ਅਕਤੂਬਰ (ਓਮਪ੍ਰਕਾਸ ਮੁਆਲ): ਕਰੋਦਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਦੀ ਚੋਣ ਲਗਾਤਾਰ ਪੰਜਵੀ ਵਾਰ ਸਰਬਸੰਮਤੀ ਨਾਲ ਹੋਈ। ਇਸ ਮੌਕੇ ਸਭਾ ਦੇ ਮੈਂਬਰਾਂ ਦੀ ਚੋਣ ਆਪਸੀ ਸਹਿਮਤੀ ਨਾਲ ਕੀਤੀ ਗਈ। ਚੋਣ ਪ੍ਰਕਿਰਿਆ ਰਿਟਰਨਿੰਗ ਅਫ਼ਸਰ ਮਨੀਸ਼ ਕੁਮਾਰ, ਇੰਸਪੈਕਟਰ ਸਹਿਕਾਰੀ ਸਭਾ ਮੂਨਕ



ਦੀ ਦੇਖ-ਰੇਖ ਹੇਠ ਸੰਪੰਨ ਹੋਈ, ਜਦਕਿ ਸਹਿਕਾਰੀ ਸਭਾ ਬਾਦਲਗੜ੍ਹ ਦੇ ਨੁਮਾਇੰਦੇ ਨੇ ਬਤੌਰ ਅਲਟਰਨੇਟ ਰਿਟਰਨਿੰਗ ਅਫ਼ਸਰ ਆਪਣੀ ਜ਼ਿੰਮੇਵਾਰੀ ਨਿਭਾਈ।

ਚੋਣ ਦੌਰਾਨ ਕਰੋਦਾ ਤੋਂ ਮੂਰਤੀ ਦੇਵੀ, ਰਾਮ ਕੁਮਾਰ, ਬਲਜੀਤ ਸਿੰਘ, ਰਤਨ ਸਿੰਘ, ਰਾਜਕੁਮਾਰ ਅਤੇ ਸੁਰੇਸ਼ ਕੁਮਾਰ ਨੂੰ ਸਰਬਸੰਮਤੀ ਨਾਲ ਮੈਂਬਰ ਚੁਣਿਆ ਗਿਆ। ਇਸੇ ਤਰ੍ਹਾਂ ਪਿੰਡ ਗੁਲਾੜੀ ਤੋਂ ਨਫ਼ੇ ਸਿੰਘ ਅਤੇ ਬਲਵੰਤ ਸਿੰਘ, ਪਿੰਡ ਠਸਕਾ ਤੋਂ ਅਮਰੀਕ ਸਿੰਘ ਅਤੇ ਜਸਬੀਰ ਕੌਰ ਅਤੇ ਪਿੰਡ ਚੱਠਾ ਗੋਬਿੰਦਪੁਰਾ ਤੋਂ ਨਿਰਭੈ ਸਿੰਘ ਨੂੰ ਵੀ ਸਰਬਸੰਮਤੀ ਨਾਲ ਚੁਣਿਆ ਗਿਆ।

ਇਸ ਮੌਕੇ ਵਿਕਰਾਂਤ ਸੈਣੀ, ਸਕੱਤਰ ਸਹਿਕਾਰੀ ਖੇਤੀਬਾੜੀ ਸਭਾ ਭੁੱਲਣ, ਧੂਫ ਸਿੰਘ ਢੀਡਸਾ ਕਰੋਦਾ ਅਤੇ ਸਕੱਤਰ ਦਲਸੇਰ ਸਿੰਘ, ਸੈਲਜਮੈਨ ਸੱਤਮਨੂੰ ਨੇ ਸਰਬਸੰਮਤੀ ਨਾਲ ਚੁਣੇ ਗਏ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਾਬਕਾ ਸਰਪੰਚ ਕ੍ਰਿਸ਼ਨ ਕੁਮਾਰ ਕਰੋਦਾ, ਰਮੇਸ਼ ਕੁਮਾਰ, ਕਮਲ ਠਸਕਾ, ਰਘਬੀਰ ਸਿੰਘ ਗੁਲਾੜੀ , ਸੂਬੇ ਸਿੰਘ, ਬਲਵਿੰਦਰ ਸਿੰਘ ਸਾਬਕਾ ਪ੍ਰਧਾਨ, ਧਰਮਪਾਲ ਸਾਬਕਾ ਸਰਪੰਚ ਕਰੋਦਾ, ਉਦੇ ਸਿੰਘ ਸਾਬਕਾ ਸਰਪੰਚ, ਮਨਜੀਤ ਚੀਮਾ,ਵੈਦਪਾਲ, ਸ਼ਮਸ਼ੇਰ ਕਾਜਲ ਅਤੇ ਸਰਪੰਚ ਸ਼ਮਸ਼ੇਰ ਸਿੰਘ ਕਰੋਦਾ, ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਖ਼ਾਲਸਾ ਕਾਲਜ ਵਿਖੇ ਲਗਾਇਆ ਇੱਕ ਰੋਜ਼ਾ ਸਫ਼ਾਈ ਕੈਂਪ

ਭਗਤਾ ਭਾਈ ਕਾ, 27 ਅਕਤੂਬਰ (ਸਵਰਨ ਸਿੰਘ ਭਗਤਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਕੱਤਰ ਸੁਖਮੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਕੈਬਨਟ ਮੰਤਰੀ (ਪੰਜਾਬ ਅਤੇ ਅਨਰੇਰੀ ਸਕੱਤਰ) ਕਾਲਜ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵੱਲੋਂ ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਕਾਲਜ ਵਿਖੇ ਐਨ.ਐਸ.ਐਸ ਅਤੇ ਯੂਥ ਕਲੱਬ ਵਿਭਾਗ ਵੱਲੋਂ ਇੱਕ ਰੋਜ਼ਾ ਸਫ਼ਾਈ ਕੈਂਪ ਲਗਾਇਆ ਗਿਆ। ਪ੍ਰੋਗਰਾਮ ਅਫ਼ਸਰ ਡਾ. ਰਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 100 ਵਲੰਟੀਅਰ ਨੇ ਭਾਗ ਲਿਆ। ਇਸ ਕੈਂਪ ਦੌਰਾਨ ਵਲੰਟੀਅਰਾਂ ਵੱਲੋਂ ਕਾਲਜ ਦੇ ਆਲੇ-ਦੁਆਲੇ ਅਤੇ ਨਿਰਧਾਰਤ ਸਥਾਨਾਂ ਦੀ ਸਫ਼ਾਈ ਕੀਤੀ ਗਈ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਯੂਥ ਕਲੱਬ ਇੰਚਾਰਜ ਪ੍ਰੋਫੈਸਰ ਰੀਮਾ ਰਾਣੀ ਅਤੇ ਪ੍ਰੋਫੈਸਰ ਸੁਖਪਾਲ ਕੌਰ ਅਤੇ ਪ੍ਰੋਫੈਸਰ ਲਖਵੀਰ ਕੌਰ ਨੇ ਵਿਸ਼ੇਸ਼ ਤੌਰ ਤੇ ਵਿਦਿਆਰਥੀਆਂ ਦੀ ਅਗਵਾਈ ਕੀਤੀ ਅਤੇ ਵਿਦਿਆਰਥੀਆਂ ਨੂੰ ਸਵੱਛਤਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ।

ਰਿਕਵਰੀ ਅਫ਼ਸਰ ਦਾ ਦਫ਼ਤਰ-I/II
ਕਰਜ਼ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./203/2025 ਮਿਤੀ : 29.09.2026

ਸਟੇਟ ਬੈਂਕ ਆਫ ਇੰਡੀਆ
ਬਨਾਮ
ਪਵਨ ਕੁਮਾਰ ਮਦਾਨ ਅਤੇ ਹੋਰ

ਵੱਲ,
(ਸੀਡੀ 1) ਸ੍ਰੀ ਪਵਨ ਕੁਮਾਰ ਮਦਾਨ ਪੁੱਤਰ ਸ੍ਰੀ ਕੀਮਤੀ ਲਾਲ, ਵਾਸੀ ਮਕਾਨ ਨੰ. 650, ਵਾਰਡ ਨੰ. 10, ਸ਼ਿਵਾ ਇਨਕਲੇਵ, ਜ਼ੀਰਕਪੁਰ, ਜ਼ਿਲ੍ਹਾ ਮੋਹਾਲੀ (ਪੰਜਾਬ)
(ਸੀਡੀ 2) ਸ੍ਰੀਮਤੀ ਜਯੋਤੀ ਮਦਾਨ ਪਤਨੀ ਸ੍ਰੀ ਪਵਨ ਕੁਮਾਰ ਮਦਾਨ, ਵਾਸੀ ਮਕਾਨ ਨੰ. 650, ਵਾਰਡ ਨੰ. 10, ਸ਼ਿਵਾ ਇਨਕਲੇਵ, ਜ਼ੀਰਕਪੁਰ, ਜ਼ਿਲ੍ਹਾ ਮੋਹਾਲੀ (ਪੰਜਾਬ)

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਪਾਸ ਕੀਤੇ ਗਏ ਆਦੇਸ਼ਾਂ ਦੀ ਪਾਲਣਾ ਵਿੱਚ ਜਾਰੀ ਕੀਤੇ ਗਏ ਰਿਕਵਰੀ ਸਰਟੀਫਿਕੇਟ ਦੇ ਅਨੁਸਾਰ, ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) **ਪੂਰਤੀ ਹੋਣ ਤੱਕ 14.10.2019 ਤੋਂ ਪ੍ਰਭਾਵੀ @8.00% ਸਧਾਰਨ ਮਹੀਨਾਵਾਰ ਵਿਆਜ ਦੀ ਦਰ 'ਤੇ ਮੁੱਕਦਮੇਬਾਜ਼ੀ ਅਤੇ ਭਾਵੀ ਵਿਆਜ ਸਮੇਤ OA/2995/2019 ਵਿੱਚ 47,50,830/- ਰੁਪਏ (ਰੁ. ਸੰਤਾਲੀ ਲੱਖ ਪੰਜਾਹ ਹਜ਼ਾਰ ਅੱਠ ਸੌ ਤੀਹ ਕੇਵਲ)** ਦੀ ਰਕਮ ਅਤੇ ਰੁ. 50,000/- (ਰੁ. ਪੰਜਾਹ ਹਜ਼ਾਰ ਕੇਵਲ) ਦੀਆਂ ਲਾਗਤਾਂ ਤੱਕ ਤੁਹਾਡੇ ਵਿਰੁੱਧ ਬਕਾਇਆ ਹੈ (ਸੰਯੁਕਤ ਅਤੇ ਵੱਖਰੇ ਤੌਰ 'ਤੇ/ਪੂਰੀ ਤਰ੍ਹਾਂ/ਸੀਮਤ)।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 04.11.2026 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 29.09.2026 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 3)

Chola Enter a better life
ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ
ਕਾਰਪੋਰੇਟ ਦਫ਼ਤਰ: ਚੋਲਾ ਕਰੈਸਟ, ਸੀ54 ਅਤੇ 55, ਸੁਪਰ ਬੀ-4, ਥਿਰੂ ਵੀ ਕਾ ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ- 600 032, ਟੀ. ਐਨ.

ਈ-ਨਿਲਾਮੀ ਵਿਕਰੀ ਸੂਚਨਾ (ਸਿਰਫ਼ ਈ-ਬੋਲੀ ਰਾਹੀਂ ਵਿਕਰੀ)

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 8(6) ਅਤੇ 9(1) ਦੇ ਤਹਿਤ ਜਾਰੀ ਕੀਤੀ ਗਈ ਅਚੱਲ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਾਲਮ (ਏ) ਵਿੱਚ ਦਰਸਾਏ ਗਏ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ(†) ਕਾਲਮ (ਸੀ) ਵਿੱਚ ਦਰਸਾਏ ਗਏ ਹਨ। ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਵਸੂਲੀ ਗਈ ਹੈ, ਜਿਸਦਾ ਕਬਜ਼ਾ ਕਾਲਮ (ਡੀ) ਵਿੱਚ ਦਰਸਾਏ ਅਨੁਸਾਰ ਹਾਊਸਿੰਗ ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਸੁਰੱਖਿਅਤ ਲੈਣਦਾਰ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ" 'ਤੇ ਵੇਚਿਆ ਜਾਵੇਗਾ। ਹੇਠਾਂ ਦੱਸੇ ਗਏ ਵੇਰਵਿਆਂ ਅਨੁਸਾਰ: – ਇਸ ਦੁਆਰਾ ਕਰਜ਼ਦਾਰ/ਗਿਰਵੀਕਾਰ(†) ਨੂੰ ਨੋਟਿਸ ਦਿੱਤਾ ਜਾਂਦਾ ਹੈ / ਕਾਨੂੰਨੀ ਵਾਰਸ, ਕਾਨੂੰਨੀ ਪ੍ਰਤੀਨਿਧੀ (ਜਾਣਿਆ ਜਾਂ ਅਣਜਾਣ), ਕਾਰਜਕਾਰੀ (ਜਾਣਿਆ ਜਾਂ ਅਣਜਾਣ), ਪ੍ਰਬੰਧਕ (†), ਉੱਤਰਾਧਿਕਾਰੀ (†) ਅਤੇ ਸਬੰਧਤ ਕਰਜ਼ਦਾਰ(†)/ਗਿਰਵੀਕਾਰ (†) (ਮ੍ਰਿਤਕ ਹੋਣ ਤੋਂ ਬਾਅਦ) ਦੇ ਨਿਯੁਕਤ (†) ਜਿਵੇਂ ਕਿ ਕੇਸ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਕਾਲਮ (ਏ) ਅਧੀਨ 9(1) ਵਿੱਚ ਦਰਸਾਏ ਗਏ ਹਨ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਸੁਰੱਖਿਅਤ ਕਰਜ਼ਦਾਰ ਦੀ ਵੈੱਬਸਾਈਟ ਭਾਵ https://www.cholamandalam.com ਅਤੇ www.auctionfocus.in ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ।

	[A]	[B]	[C]	[D]	[E & F]	[G]
ਲ. ਨੰ.	ਕਰਜ਼ਾ ਖਾਤਾ ਨੰਬਰ/ ਕਰਜ਼ਦਾਰ (†) / ਗਿਰਵੀਕਾਰ (†) / ਜ਼ਾਮਨ (†) ਦੇ ਨਾਮ	O/S. ਵਸੂਲ ਕੀਤੇ ਜਾਣ ਵਾਲੇ ਬਕਾਏ (ਸੁਰੱਖਿਅਤ ਕਰਜ਼ੇ)	ਅਚੱਲ ਜਾਇਦਾਦ/ ਸੁਰੱਖਿਅਤ ਸੰਪਤੀ ਦਾ ਵੇਰਵਾ	ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ (ਰੁਪਏ ਵਿੱਚ) / ਨਿਲਾਮੀ ਦੀ ਮਿਤੀ ਅਤੇ ਸਮਾਂ	ਨਿਲਾਮੀ ਦੀ ਮਿਤੀ ਅਤੇ ਸਮਾਂ
1	Loan A/c. No(s). : HL30JAL000122604 1. ਸ਼੍ਰੀ/ਸ਼੍ਰੀਮਤੀ ਜਤਿੰਦਰ ਕੁਮਾਰ 2. ਸ਼੍ਰੀ/ਸ਼੍ਰੀਮਤੀ ਮਧੂ ਬਾਲਾ ਲੜੀ ਨੰਬਰ 1 ਅਤੇ 2 ਲਈ ਪਤਾ: ਮਕਾਨ ਨੰਬਰ-307, ਮੁਹੱਲਾ ਅਰਫਵਾਲਾ, ਕਪੂਰਥਲਾ, ਪੰਜਾਬ 144601, ਗੁਰੂਦੁਆਰਾ, ਕਪੂਰਥਲਾ, ਪੰਜਾਬ 144601 ਲੜੀ ਨੰਬਰ 1 ਅਤੇ 2 ਲਈ ਪਤਾ: ਬੀ-XXXV-20/ਏ, ਮੁਹੱਲਾ ਰਾਕਾ, ਵਾਰਡ ਨੰ 14, ਰਾਏਕਾ ਮੁਹੱਲਾ, ਬੁੱਕਰ ਖਾਨਾ ਨੇੜੇ, ਜ਼ਿਲ੍ਹਾ ਕਪੂਰਥਲਾ। 144602, ਕਪੂਰਥਲਾ, ਪੰਜਾਬ, 144602.	Rs. 20,19,959/- (ਵੀਹ ਲੱਖ ਉਨੀ ਹਜ਼ਾਰ ਨੌ ਸੌ ਉਨਾਹਠ ਰੁਪਏ ਕੇਵਲ 31-03-2026 ਨੂੰ)	4 ਮਰਲੇ ਮਾਪ ਵਾਲੀ ਜਾਇਦਾਦ/ਮਕਾਨ (ਸਾਰਾ ਭਾਗ ਅਤੇ ਹਿੱਸਾ) ਜਿਸਦਾ ਜਾਇਦਾਦ ਨੰਬਰ ਬੀ-XXXV-20/ਏ ਹੈ, ਜੋ ਕਿ ਮੁਹੱਲਾ ਰਾਕੀਆ ਕਪੂਰਥਲਾ ਵਿਖੇ ਸਥਿਤ ਹੈ ਅਤੇ ਹੱਦਬੰਦੀ ਪੂਰਬ: ਗੁਰਦੁਆਰਾ ਸਾਹਿਬ, ਪੱਛਮ: ਰਸਤਾ, ਉੱਤਰ: ਰਸਤਾ, ਦੱਖਣ: ਹੋਰ ਮਾਲਕ।	ਉਸਾਰੂ ਕਬਜ਼ਾ	Rs. 11,30,281/- (ਗਿਆਰਾਂ ਲੱਖ ਤੀਹ ਹਜ਼ਾਰ ਦੋ ਸੌ ਇਕਆਸੀ ਕੇਵਲ) Rs. 1,13,028/- (ਇੱਕ ਲੱਖ ਤੇਰਾਂ ਹਜ਼ਾਰ ਅਠਾਈ ਕੇਵਲ)	16-11-2026 from 02.00 P.M. to 04.00 P.M. (ਟੈਂਡਰ ਦਸਤਾਵੇਜ਼ ਦੇ ਅਨੁਸਾਰ 5 ਮਿੰਟ ਦੇ ਸਵੈਚਾਲਿਤ ਐਕਸਟੈਂਸ਼ਨ ਦੇ ਨਾਲ),
	ਨਿਰੀਖਣ ਮਿਤੀ ਅਤੇ ਸਮਾਂ: 12.11.2026 ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਕਾਰ।		ਘੱਟੋ-ਘੱਟ ਬੋਲੀ ਵਾਧਾ ਰਕਮ: 10,000/- ਰੁਪਏ			
	ਭਾਗੀਦਾਰੀ ਲਈ ਬੋਲੀ/EMD/ਬੇਨਤੀ ਪੱਤਰ ਜਮ੍ਹਾਂ ਕਰਨ ਦੀ ਆਖਰੀ ਮਿਤੀ: 13.11.2026 ਸ਼ਾਮ 05.00 ਵਜੇ ਤੋਂ ਪਹਿਲਾਂ					

*ਭੁਗਤਾਨ ਅਤੇ/ਜਾਂ ਇਸਦੀ ਪ੍ਰਾਪਤੀ ਦੀ ਮਿਤੀ ਤੱਕ ਹੋਏ ਕਰਜ਼ੇ ਦੇ ਸਮਝੌਤੇ, ਇਤਫਾਕੀਆ ਖਰਚੇ, ਲਾਗਤਾਂ, ਖਰਚਿਆਂ ਆਦਿ ਦੇ ਰੂਪ ਵਿੱਚ ਲਾਗੂ ਹੋਣ ਵਾਲੇ ਹੋਰ ਵਿਆਜ ਦੇ ਨਾਲ। ਜਾਇਦਾਦ ਦੇ ਨਿਰੀਖਣ ਨਾਲ ਸਬੰਧਤ ਕਿਸੇ ਵੀ ਸਹਾਇਤਾ ਲਈ, ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਲਈ ਅਤੇ ਕਿਸੇ ਵੀ ਹੋਰ ਪੁੱਛਗਿੱਛ ਲਈ, ਕਿਰਪਾ ਕਰਕੇ 1. ਗੌਤਮ ਪਠਾਨੀਆ, ਮੋਬਾਈਲ ਨੰਬਰ 8146799601 ਅਤੇ ਈ-ਮੇਲ: gautamps@chola.murugappa.com, 2. ਧੀਰਜ ਕੁਮਾਰ, ਮੋਬਾਇਲ ਨੰ. 9872221024 ਅਤੇ ਈਮੇਲ: dheerajkumarvp@chola.murugappa.com, CHOLAMANDALAM INVESTMENT & FINANCE COMPANY LIMITED ਦੇ ਅਧਿਕਾਰੀ ਨਾਲ ਸੰਪਰਕ ਕਰੋ। CHOLAMANDALAM INVESTMENT & FINANCE COMPANY LIMITED ਦੇ ਅਧਿਕਾਰਤ ਅਧਿਕਾਰੀ ਦੀ ਪੂਰੀ ਜਾਣਕਾਰੀ ਅਤੇ ਜਾਣਕਾਰੀ ਅਨੁਸਾਰ ਉਪਰੋਕਤ ਅਚੱਲ ਜਾਇਦਾਦਾਂ / ਸੁਰੱਖਿਅਤ ਸੰਪਤੀਆਂ ਦੇ ਸੰਬੰਧ ਵਿੱਚ ਕੋਈ ਬੋਝ ਨਹੀਂ ਹੈ।

ਸਹੀ/-
ਅਧਿਕਾਰਤ ਅਧਿਕਾਰੀ,
ਚੋਲਾਮੰਡਲਮ ਨਿਵੇਸ਼ ਅਤੇ ਵਿੱਤ ਕੰਪਨੀ ਲਿਮਟਿਡ ਲਈ

ਮਿਤੀ: 27.10.2026
ਸਥਾਨ: ਕਪੂਰਥਲਾ, ਪੰਜਾਬ

SHRIRAM Finance
ਸ਼੍ਰੀਰਾਮ ਫਾਈਨੈਂਸ ਲਿਮਟਿਡ
ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਸਾਹਮਣੇ ਅਰਵਿੰਦ ਨਗਰ, ਨਹਿਰੂ ਕਾਲਜ ਰੋਡ, ਉੱਪਰ ਐਚਡੀਐਫਸੀ ਬੈਂਕ ਮਾਨਸਾ-151505

ਸੰਕੇਤਕ ਕਬਜ਼ਾ ਸੂਚਨਾ

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ 54) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।
ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **14 ਅਕਤੂਬਰ 2026** ਨੂੰ ਉਕਤ ਨਿਯਮਾਂ ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ	ਜਾਇਦਾਦ ਦਾ ਵੇਰਵਾ	ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ
1) ਸ੍ਰੀ ਅਨਿਲ ਕੁਮਾਰ ਪੁੱਤਰ ਹੰਸ ਰਾਜ ਵਾਸੀ ਲੋਹਗੜ੍ਹ ਆਹਲੂਪੁਰ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ 151507 2) ਹਰਭਜਨ ਲਾਲ ਪੁੱਤਰ ਹੰਸ ਰਾਜ ਵਾਸੀ ਲੋਹਗੜ੍ਹ ਆਹਲੂਵਾਲ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ 151507	17.57 ਮਰਲੇ ਮਾਪ ਵਾਲੀ ਜਾਇਦਾਦ, ਆਰਟੀਡੀ ਗੈਰ ਮੁਮਕਿਨ ਦੇ ਅਨੁਸਾਰ ਜੋ ਕਿ 128 ਕਨਾਲ 10 ਮਰਲੇ ਮਾਪ ਵਾਲੀ ਜ਼ਮੀਨ ਦਾ 1757/357000 ਹਿੱਸਾ ਹੈ, ਖੇਵਟ ਅਤੇ ਖਾਤਾ ਨੰਬਰ 1/1 ਤੋਂ 2 ਜਮਾਂਬੰਦੀ ਸਾਲ 2019-20 ਪਿੰਡ ਲੋਹਘੜ੍ਹ ਥੀ ਸਰਦੂਲਘੜ੍ਹ ਜ਼ਿਲ੍ਹਾ ਮਾਨਸਾ, ਹੱਦਬੰਦੀ ਪੂਰਬ; ਸੜਕ ਕਿਨਾਰੇ 74-1/2 ਫੁੱਟ, ਪੱਛਮ; ਖੇਤੀਬਾੜੀ ਜ਼ਮੀਨ ਦਾ ਸਵੈ ਮਾਲਕ	ਰੁ. 2480917.76 (ਰੁ. ਚੌਵੀ ਲੱਖ ਅੱਸੀ ਹਜ਼ਾਰ ਨੌਂ ਸੌ ਸਤਾਰਾਂ ਅਤੇ ਛਿਹੱਤਰ ਪੈਸੇ ਕੇਵਲ) ਖਾਤਾ ਨੰ. **MANBHTF2109240001** ਮੰਗ ਸੂਚਨਾ ਦੀ ਮਿਤੀ : 17.07.2026

ਹਰਭਜਨ ਲਾਲ 75 ਫੁੱਟ, ਉੱਤਰ; ਖੇਤੀਬਾੜੀ ਜ਼ਮੀਨ ਦਾ ਸਵੈ ਮਾਲਕ ਹਰਭਜਨ ਲਾਲ 67-1/2 ਫੁੱਟ, ਦੱਖਣ; ਖੇਤੀਬਾੜੀ ਜ਼ਮੀਨ ਦਾ ਸਵੈ ਮਾਲਕ ਹਰਭਜਨ ਲਾਲ 60-1/2 ਫੁੱਟ, ਅਨਿਲ ਕੁਮਾਰ ਪੁੱਤਰ ਹੰਸ਼ ਰਾਮ ਪੁੱਤਰ ਚੰਦੂ ਰਾਮ ਦੀ ਮਲਕੀਅਤ ਹੈ ਜੋ ਕਿ ਟ ?ਰਾਂਸਫਰ ਡੀਡ ਨੰਬਰ 2021-22/66/1/127 ਮਿਤੀ 26/4/2021 ਅਨੁਸਾਰ ਸਬ ਰਜਿਸਟਰਾਰ ਸਰਦੂਲਘਰ ਇੰਤਕਾਲ ਨੰਬਰ 1875 ਮਿਤੀ 26-5-2021 ਦੇ ਦਫ਼ਤਰ ਵਿੱਚ ਰਜਿਸਟਰਡ।

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 14.10.2026 ਸਥਾਨ : ਮਾਨਸਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

SHRIRAM Finance
ਸ੍ਰੀਰਾਮ ਫਾਇਨਾਂਸ ਲਿਮਟਿਡ
ਪੰਜੀਕ੍ਰਿਤ ਦਫ਼ਤਰ : ਲਿਮਟਿਡ ਪੰਜੀਕ੍ਰਿਤ ਦਫ਼ਤਰ ਪਤਾ: ਸ੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟ੍ਰੀਅਲ ਅਸਟੇਟ, ਗਿੰਡੀ, ਚੇਨਈ, ਤਾਮਿਲਨਾਡੂ-600032, ਤਾਮਿਲਨਾਡੂ ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬ) ਮੁੰਬਈ-40051

ਸ਼ਾਖਾ ਦਫ਼ਤਰ : ਸਾਹਮਣੇ ਅਰਵਿੰਦ ਨਗਰ, ਨਹਿਰੂ ਕਾਲਜ ਰੋਡ, ਐਚਡੀਐਫਸੀ ਬੈਂਕ ਦੇ ਉਪਰ, ਮਾਨਸਾ-151505 ਵਿਖੇ

ਸੰਕੇਤਕ ਕਬਜ਼ਾ ਸੂਚਨਾ

ਜਿੱਥੇ, ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਵਜੋਂ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ 54) (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ ਨੂੰ ਮੰਗ ਨੋਟਿਸ ਜਾਰੀ ਕੀਤੇ, ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦਿੱਤੇ ਗਏ ਹਨ।
ਕਰਜ਼ਦਾਰਾਂ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ **14 ਅਕਤੂਬਰ, 2026** ਨੂੰ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 9 ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ	ਸੰਪੱਤੀ ਦੇ ਵੇਰਵੇ	ਮੰਗ ਸੂਚਨਾ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ
1) ਸ੍ਰੀ ਸਿਕੰਦਰ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਪਿੰਡ ਬਿਬਰੀਆਂ ਮੂਸਾ ਮਾਨਸਾ ਪੰਜਾਬ 151508, 2) ਮੰਦਰ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਪਿੰਡ ਮਾਨ ਬਿਬਰੀਆਂ ਮੂਸਾ ਮਾਨਸਾ ਪੰਜਾਬ 151508, 3) ਮਨਜੀਤ ਕੌਰ ਪਤਨੀ ਹਾਕਮ ਸਿੰਘ ਵਾਸੀ ਪਿੰਡ ਮਾਨ ਬਿਬਰੀਆਂ ਮੂਸਾ ਮਾਨਸਾ ਪੰਜਾਬ 151508	ਲਿੰਕ ਰੋਡ 'ਤੇ ਵਡੇ ਕੋਠੇ, ਮੋਬਾਈਲ ਟਾਵਰ ਦੇ ਨੇੜੇ, ਪਿੰਡ ਮਾਨਬਿਬਰੀਆ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਵਿਖੇ ਸਥਿਤ ਕੁੱਲ ਜ਼ਮੀਨ 1 ਕਨਾਲ 08 ਮਰਲੇ ਜ਼ਮੀਨ ਦੀ ਸਾਲ 2013-14 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 33//21/2(3-11) 21/3 (1-16) 22/2(1-7)35//1/1(6-8) 2/2(4-19)2/3(0-13) 36//4/2(3-14) 5/1(6-12) 5/2/019 7/1 (0-14) 37//17/2(6-18) 23/2(0-5) 23/3(2-17) 24(7-11) 52//2/3(0-10) 3/1(3-12) 4 ਮਿੰਨ(2-18) 35//10 ਮਿੰਨ(4-10) 36//6 (8-0) 52//3/2(3-10) 7/2(2-9) 8(8-12) 8 ਮਿੰਨ (05)9/1(02)12/2(08)13/2(1-15) 43//9/2(4-13) 11(2-12)12(8-0) 13(6-11)19/2(3-11) 20(4/17) 52//7/1 (1-15) 35//9(8-0) 10 ਮਿੰਨ(3-10) 43//18(8-0)23/1(213) 43//19/1(4-9) 52//4 ਮਿੰਨ(5-0)37//16/1 ਮਿੰਨ(1-14)37//15/2(1-1)	2244939.00 ਰੁਪਏ (ਬਾਈ ਲੱਖ ਚੌਤਾਲੀ ਹਜ਼ਾਰ ਨੌਂ ਸੌ ਉਨਤਾਲੀ ਰੁਪਏ ਅਤੇ ਜ਼ੀਰੋ ਪੈਸੇ ਕੇਵਲ) ਖਾਤਾ ਨੰਬਰ: MANBHTF190520007 ਮੰਗ ਨੋਟਿਸ ਮਿਤੀ 16-07-2026

16/1ਮਿਨ (2-0) 29//16/2 (8-0)22/1(2-11) 24/2(1-7)25/1(2-4) 30//10/2(5-15)11/1(4-0)35//1/2(1-12) 2/1(2-8)29//15/2/1(0-2)15/3/1(0-5)29//15/3/2/1 (0-7)29//14/2/2(2-6)15/2/2(0-5) 17/2(4-17)29//13(3-8) 14/1(4-2)14/2/1(0-18)15/2/2(0-5) 17/1(2-12) 17/3(0-10) 17/4(0-18) 18(6-19)29//15/3/2/2(1-13) 16/1(0-0) 30//10(1-17) ਖੇਵਟ ਅਤੇ ਖਾਤਾ ਨੰ.101/151 ਤੋਂ 168 ਵਿੱਚ ਸ਼ਾਮਲ 212 ਕਨਾਲ 02 ਮਰਲੇ ਦਾ 28/4242 ਹਿੱਸਾ ਭਾਵ1 ਕਨਾਲ 08 ਮਰਲੇ ਮਾਪ ਵਾਲਾ ਮਕਾਨ।

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦਾ ਕਾਨੂੰਨੀ ਸੰਕੇਤਕ ਕਬਜ਼ਾ ਰੱਖਦਾ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਦਰਸਾਈ ਗਈ ਉਪਰੋਕਤ ਸੁਰੱਖਿਅਤ ਜਾਇਦਾਦਾਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰੇਗਾ।

ਮਿਤੀ : 14.10.2026 ਸਥਾਨ : ਮਾਨਸਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

ਬੈਂਕ ਆਫ ਬੜੌਦਾ
Bank of Baroda

ਆਰਓ ਲੁਧਿਆਣਾ, ਪਤਾ : ਬੀ XX-3369, ਤੀਜੀ ਮੰਜ਼ਿਲ, ਸੰਧੂ ਟਾਵਰ II, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: sarlud@bankofbaroda.bank.in

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ
"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ **ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (†)/ਗਿਰਵੀਕਾਰ(†)/ਜ਼ਾਮਨ(†)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ :	ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ	ਐਮਡੀ ਦੇ ਭੁਗਤਾਨ ਦੀ ਵਿਧੀ
04.12.2026 ਨੂੰ ਸ਼ਾਮ 05.00 ਵਜੇ ਤੱਕ	05.12.2026 ਨੂੰ ਬਾ. ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ	ਆਰਟੀਜੀਐਸ/ਐਨਈਐਫਟੀ

ਲ. ਨੰ.	ਕਰਜ਼ਦਾਰ (†), ਜ਼ਾਮਨ (†) ਅਤੇ ਗਿਰਵੀਕਾਰ(†) ਦਾ ਨਾਮ ਅਤੇ ਪਤਾ	ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ	ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ
01.	ਆਰਓ-ਐਸਏਆਰਬੀ, ਲੁਧਿਆਣਾ **ਖਾਤਾ 1: ਮੈਸਰਜ਼ ਨੇਹਲ ਸਟੀਲ ਪ੍ਰਾਈਵੇਟ ਲਿਮਟਿਡ** ਆਪਣੇ ਡਾਇਰੈਕਟਰਾਂ ਸ਼੍ਰੀ ਪ੍ਰਿਤਪਾਲ ਸਿੰਘ ਸ਼੍ਰੀਮਤੀ ਤਜਿੰਦਰ ਕੌਰ, ਸ਼੍ਰੀਮਤੀ ਸੁਮੀਤ ਕੌਰ ਅਤੇ ਪਰਮਜੀਤ ਸਿੰਘ ਰਾਹੀਂ #14376 ਜੀਟੀ ਰੋਡ ਨੇੜੇ ਗੁਰੂ ਗੋਬਿੰਦ ਸਿੰਘ ਟਾਵਰ ਲੁਧਿਆਣਾ 141003 (1)। ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ (ਕਾਰਪੋਰੇਟ ਜ਼ਾਮਨ) ਆਪਣੇ ਡਾਇਰੈਕਟਰਾਂ ਸ਼੍ਰੀ ਪਰਮਜੀਤ ਸਿੰਘ ਅਤੇ ਸ਼੍ਰੀਮਤੀ ਤਜਿੰਦਰ ਕੌਰ ਰਾਹੀਂ #591 ਓਵਰਲਾਕ ਰੋਡ, ਮਿਲਰਗੰਜ ਬੀ-21-14316-ਏ, 14377,14313 (ਪੁਰਾਣਾ 14313/1584) ਪ੍ਰਭਾਤ ਨਗਰ ਢੋਲੇਵਾਲ ਚੌਂਕ, ਜੀਟੀ ਰੋਡ, ਲੁਧਿਆਣਾ ਵਿਖੇ ਸਥਿਤ ਹੈ। ਲੁਧਿਆਣਾ 141003 (2), ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਪਰਮਜੀਤ ਸਿੰਘ (ਡਾਇਰੈਕਟਰ/ਜ਼ਾਮਨ) #441 L ਮਾਡਲ ਟਾਊਨ ਲੁਧਿਆਣਾ 141001 (3) ਸ਼੍ਰੀਮਤੀ ਤਜਿੰਦਰ ਕੌਰ ਪਤਨੀ ਪਰਮਜੀਤ ਸਿੰਘ (ਡਾਇਰੈਕਟਰ/ਜ਼ਾਮਨ) #441 L ਮਾਡਲ ਟਾਊਨ ਲੁਧਿਆਣਾ 141001 (4). ਸ਼੍ਰੀਮਤੀ ਸੁਮੀਤ ਕੌਰ ਪਤਨੀ ਪ੍ਰਿਤਪਾਲ ਸਿੰਘ (ਡਾਇਰੈਕਟਰ/ਜ਼ਾਮਨ) #441 L ਮਾਡਲ ਟਾਊਨ ਲੁਧਿਆਣਾ 141001 (5). ਸ਼੍ਰੀਮਤੀ ਪਰਮਜੀਤ ਸਿੰਘ ਪੁੱਤਰ ਸਰਦਾਰਾ ਸਿੰਘ (ਡਾਇਰੈਕਟਰ/ਜ਼ਾਮਨ) #441 L ਮਾਡਲ ਟਾਊਨ ਲੁਧਿਆਣਾ 141001 (6). ਸ਼੍ਰੀਮਤੀ ਡੇਜ਼ੀ ਕਥੂਰੀਆ ਪੁੱਤਰੀ ਪਰਮਜੀਤ ਸਿੰਘ (ਜ਼ਾਮਨ) #441 L ਮਾਡਲ ਟਾਊਨ ਲੁਧਿਆਣਾ 141001 **ਖਾਤਾ 2: ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ** ਆਪਣੇ ਡਾਇਰੈਕਟਰਾਂ ਸ਼੍ਰੀ ਪਰਮਜੀਤ	ਜਾਇਦਾਦ -1 2778 ਵਰਗ ਗਜ਼ ਦੀ ਉਦਯੋਗਿਕ ਜਾਇਦਾਦ ਦੀ ਬਰਾਬਰ ਗਿਰਵੀਨਾਮਾ ਜਿਸ ਵਿੱਚ 14 ਵਿਕਰੀ ਡੀਡ ਸ਼ਾਮਲ ਹਨ ਜੋ ਕਿ ਪ੍ਰਭਾਤ ਨਗਰ, ਢੋਲੇਵਾਲ, ਢੋਲੇਵਾਲ, ਜੀ.ਟੀ. ਰੋਡ ਲੁਧਿਆਣਾ ਵਿਖੇ ਸਥਿਤ ਹਨ (ਐਮ.ਸੀ. ਨੰ. ਬੀ-21-14316-ਏ, 14377, 14313 (ਪੁਰਾਣਾ 14313/1584) **ਮਾਲਕ**: 1. ਖੇਤਰਫਲ ਮਾਪ 298-1/2 ਵਰਗ ਗਜ਼ ਵਸੀਕਾ ਨੰ. 11867 ਮਿਤੀ 13.12.2007 ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਦੀ ਮਲਕੀਅਤ ਹੈ। 2. ਖੇਤਰਫਲ ਮਾਪ 336 ਵਰਗ ਗਜ਼ ਵਸੀਕਾ ਨੰ. 3116 ਮਿਤੀ 16.05.2006 ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ ਹੈ। 3. 295 ਵਰਗ ਗਜ਼ ਦਾ ਖੇਤਰਫਲ ਮਾਪ ਵਸੀਕਾ ਨੰ. 16041 ਮਿਤੀ 07.03.2008 ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ। 4. ਵਸੀਕਾ ਨੰਬਰ 3243 ਮਿਤੀ 17.05.2006 ਅਨੁਸਾਰ 168 ਵਰਗ ਗਜ਼ ਦਾ ਖੇਤਰਫਲ ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ। 5. ਵਸੀਕਾ ਨੰਬਰ 3247 ਮਿਤੀ 17.05.2006 ਅਨੁਸਾਰ 168 ਵਰਗ ਗਜ਼ ਦਾ ਖੇਤਰਫਲ ਸ਼੍ਰੀਮਤੀ ਡੇਜ਼ੀ ਕਥੂਰੀਆ ਪੁੱਤਰੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ। 6. ਵਸੀਕਾ ਨੰਬਰ 8880 ਮਿਤੀ 08.09.2009 ਅਨੁਸਾਰ 93.33 ਵਰਗ ਗਜ਼ ਦਾ ਖੇਤਰਫਲ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ ਦੀ ਮਲਕੀਅਤ। 7. ਵਸੀਕਾ ਨੰਬਰ 15882 ਮਿਤੀ 22.01.2010 ਅਨੁਸਾਰ 167.22 ਵਰਗ ਗਜ਼ ਦਾ ਖੇਤਰਫਲ ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ 8. ਵਸੀਕਾ ਨੰਬਰ 19036 ਮਿਤੀ 09.03.2010 ਅਨੁਸਾਰ 653.45 ਵਰਗ ਗਜ਼ ਦਾ ਖੇਤਰਫਲ ਮੈਸਰਜ਼ ਕਥੂਰੀਆ ਸਟੀਲ ਪੀ ਲਿਮਟਿਡ ਦੀ ਮਲਕੀਅਤ। 9. ਵਸੀਕਾ ਨੰਬਰ 12061 ਮਿਤੀ 19.10.2006 ਅਨੁਸਾਰ 138 ਵਰਗ ਗਜ਼ ਦਾ ਖੇਤਰਫਲ ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ। 10. ਵਸੀਕਾ ਨੰਬਰ 12585 ਮਿਤੀ 31.10.2006 ਅਨੁਸਾਰ 100 ਵਰਗ ਗਜ਼ ਦਾ ਖੇਤਰਫਲ ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਾਰਾਦਰਾ ਸਿੰਘ ਦੀ ਮਲਕੀਅਤ। 11. ਵਾਸਿਕਾ ਨੰਬਰ 9724 ਮਿਤੀ 26.07.2012 ਅਨੁਸਾਰ 132 ਵਰਗ ਗਜ਼ ਦਾ ਖੇਤਰਫਲ ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਾਰਾਦਰਾ ਸਿੰਘ ਦੀ ਮਲਕੀਅਤ 12. 131 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਾਸਿਕਾ ਨੰਬਰ 7457 ਮਿਤੀ 14.07.2008 ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਹੈ। 13. 52 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਾਸਿਕਾ ਨੰਬਰ 7988 ਮਿਤੀ 10.08.2010 ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਹੈ, 14. 45 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਸੀਕਾ ਨੰਬਰ 19807 ਮਿਤੀ 08.02.2009 ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਹੈ।	1. ਨੇਹਲ ਸਟੀਲ ਪ੍ਰਾਇ. ਲਿਮ. Rs. 13,86,14,923.00 2. ਕਥੂਰੀਆ ਸਟੀਲ ਪ੍ਰਾਇ.ਲਿਮ. Rs. 12,02,59,545.00 ਸੰਕੇਤਕ	Rs. 16,03,00,000/- Rs. 1,60,30,000/- Rs. 5,00,000/-	From 07.11.2026 to 03.12.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ੍ਰੀ ਅਜੇ ਵੀ ਨੰਦੂਕਰ (ਚੀਫ ਮੈਨੇਜਰ) 9898670184 & 7009247858
		ਜਾਇਦਾਦ -2 ਉਦਯੋਗਿਕ ਜਾਇਦਾਦ ਦੀ ਬਰਾਬਰੀ ਵਾਲਾ ਗਿਰਵੀਨਾਮਾ 2754 ਵਰਗ ਗਜ਼ ਜਿਸ ਵਿੱਚ ਪਿੰਡ ਜਸਪਾਲ ਬਾਂਗਰ, ਹੈਡਬਸਟ ਨੰਬਰ 259 ਆਬਾਦੀ ਜਿਸਨੂੰ ਬੈਕਸਾਈਡ ਕੈਪਸਨ ਕੰਪਿਊਟਰ ਕੰਡਾ, ਜਸਪਾਲ ਬਾਂਗਰ ਰੋਡ, ਗ੍ਰੇਜ਼ਨ ਇੰਡਸਟਰੀਅਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਖੇ ਸਥਿਤ 03 ਵਿਕਰੀ ਡੀਡ ਸ਼ਾਮਲ ਹਨ। **ਮਾਲਕ**: 1. ਮੈਸਰਜ਼ ਕਥੂਰੀਆ ਸਟੀਲ ਪੀ ਲਿਮਟਿਡ ਦੀ ਮਲਕੀਅਤ ਵਾਲਾ ਵਸੀਕਾ ਨੰਬਰ 7057 ਮਿਤੀ 19.10.2016 ਅਨੁਸਾਰ 1678 ਵਰਗ ਗਜ਼ ਦਾ ਖੇਤਰਫਲ। 2. ਮੈਸਰਜ਼ ਕਥੂਰੀਆ ਸਟੀਲ ਪੀ ਲਿਮਟਿਡ ਦੀ ਮਲਕੀਅਤ ਵਾਲਾ ਵਸੀਕਾ ਨੰਬਰ 2112 ਮਿਤੀ 07.06.2018 ਅਨੁਸਾਰ 645 ਵਰਗ ਗਜ਼ ਦਾ ਖੇਤਰਫਲ, 3. ਮੈਸਰਜ਼ ਕਥੂਰੀਆ ਸਟੀਲ ਪੀ ਲਿਮਟਿਡ ਦੀ ਮਲਕੀਅਤ ਵਾਲਾ 431 ਵਰਗ ਗਜ਼ ਦਾ ਖੇਤਰਫਲ ਵਸੀਕਾ ਨੰ. 7066 ਮਿਤੀ 19.10.2016 ਮੈਸਰਜ਼ ਕਥੂਰੀਆ ਸਟੀਲ ਪੀ ਲਿਮਟਿਡ ਦੀ ਮਲਕੀਅਤ।	ਸੰਕੇਤਕ	Rs. 5,13,64,000/- Rs. 51,36,400/- Rs. 1,00,000/-	From 07.11.2026 to 03.12.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ੍ਰੀ ਅਜੇ ਵੀ ਨੰਦੂਕਰ (ਚੀਫ ਮੈਨੇਜਰ) 9898670184 & 7009247858
		ਜਾਇਦਾਦ-3 ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ ਜਿਸਦੀ ਮਾਪ 02 ਕਨਾਲ-19- 1/2 ਮਰਲੇ ਭਾਵ 1800 ਵਰਗ ਗਜ਼ ਹੈ, ਜੋ ਕਿ ਪਿੰਡ ਬੱਡੋਵਾਲ, ਹੱਦਬਸਤ ਨੰਬਰ 294, ਬਦੋਵਾਲ ਪੁਲ ਅਤੇ ਚਰਚ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਖਾਤਾ ਨੰਬਰ 39/53, 530/644, ਕਸਰਾ ਨੰਬਰ 1112, 1110 ਵਿੱਚ ਸ਼ਾਮਲ ਹੈ। **ਮਾਲਕ: ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ।**	ਸੰਕੇਤਕ	Rs. 75,00,000/- Rs. 7,50,000/- Rs. 50,000/-	From 07.11.2026 to 03.12.2026 ਅਗਾਊਂ ਪ੍ਰਵਾਨਗੀ ਲੈਣ ਦੁਆਰਾ	ਸ੍ਰੀ ਅਜੇ ਵੀ ਨੰਦੂਕਰ (ਚੀਫ ਮੈਨੇਜਰ) 9898670184 & 7009247858

ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਅਤੇ ਸ਼੍ਰੀਮਤੀ ਡੇਜ਼ੀ ਕਥੂਰੀਆ ਰਾਹੀਂ #591, ਓਵਰਲਾਕ ਰੋਡ, ਮਿਲਰਗੰਜ ਬੀ-21-14316-ਏ, 14377,14313 (ਪੁਰਾਣਾ 14313/1584) ਪ੍ਰਭਾਤ ਨਗਰ ਢੋਲੇਵਾਲ ਚੌਂਕ, ਜੀਟੀ ਰੋਡ, ਲੁਧਿਆਣਾ ਵਿਖੇ ਸਥਿਤ ਹੈ। ਲੁਧਿਆਣਾ 141003 (1)। ਮੈਸਰਜ਼ ਨੇਹਲ ਸਟੀਲ ਪ੍ਰਾਈਵੇਟ ਲਿਮਟਿਡ (ਕਾਰਪੋਰੇਟ ਜ਼ਾਮਨ) ਆਪਣੇ ਡਾਇਰੈਕਟਰਾਂ ਰਾਹੀਂ ਸ਼੍ਰੀ ਪ੍ਰਿਤਪਾਲ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਅਤੇ ਸ਼੍ਰੀਮਤੀ ਸੁਮੀਤ ਕੌਰ #14376 ਜੀ.ਟੀ. ਰੋਡ ਨੇੜੇ ਗੁਰੂ ਗੋਬਿੰਦ ਸਿੰਘ ਟਾਵਰ ਲੁਧਿਆਣਾ 141003 (2) ਸ਼੍ਰੀਮਤੀ ਤਜਿੰਦਰ ਕੌਰ ਪਤਨੀ ਪਰਮਜੀਤ ਸਿੰਘ (ਡਾਇਰੈਕਟਰ/ਜ਼ਾਮਨ) #441 ਐਲ ਮਾਡਲ ਟਾਊਨ ਲੁਧਿਆਣਾ 141001 (3). ਸ਼੍ਰੀ ਪਰਮਜੀਤ ਸਿੰਘ ਪੁੱਤਰ ਸਰਦਾਰਾ ਸਿੰਘ (ਡਾਇਰੈਕਟਰ/ਜ਼ਾਮਨ) #441 ਐਲ ਮਾਡਲ ਟਾਊਨ ਲੁਧਿਆਣਾ 141001 (4) ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਪਰਮਜੀਤ ਸਿੰਘ (ਜ਼ਾਮਨ) #441 ਐਲ ਮਾਡਲ ਟਾਊਨ ਲੁਧਿਆਣਾ 141001 (5) ਸ਼੍ਰੀਮਤੀ ਡੇਜ਼ੀ ਕਥੂਰੀਆ ਪੁੱਤਰੀ ਪਰਮਜੀਤ ਸਿੰਘ (ਡਾਇਰੈਕਟਰ/ਜ਼ਾਮਨ) #441 ਐਲ ਮਾਡਲ ਟਾਊਨ ਲੁਧਿਆਣਾ 141001. (6). ਸ਼੍ਰੀਮਤੀ ਸੁਮੀਤ ਕੌਰ ਪਤਨੀ ਪ੍ਰਿਤਪਾਲ ਸਿੰਘ (ਜ਼ਾਮਨ) #441 ਐਲ ਮਾਡਲ ਟਾਊਨ ਲੁਧਿਆਣਾ 141001

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://www.bankofbaroda.in/e-auction.htm ਅਤੇ https://baanknet.com ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। ਇਸ ਤੋਂ ਇਲਾਵਾ, ਸੰਭਾਵੀ ਬੋਲੀਕਾਰ ਉੱਪਰ ਦਿੱਤੇ ਸੰਪਰਕ ਨੰਬਰਾਂ ਅਨੁਸਾਰ ਬ੍ਰਾਂਚ ਮੈਨੇਜਰ ਜਾਂ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ।
ਸੰਕੇਤਕ ਕਬਜ਼ੇ ਦੇ ਆਧਾਰ 'ਤੇ ਨਿਲਾਮੀ ਕੀਤੀ ਜਾ ਰਹੀ ਜਾਇਦਾਦ ਲਈ ਮਹੱਤਵਪੂਰਨ ਨਿਯਮ ਅਤੇ ਸ਼ਰਤਾਂ: 1. ਜਦੋਂ ਜਾਇਦਾਦ ਸੰਕੇਤਕ ਕਬਜ਼ੇ ਵਿੱਚ ਹੋਵੇ ਅਤੇ ਬੋਲੀਕਾਰ ਆਪਣੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਸੰਕੇਤਕ ਕਬਜ਼ੇ ਵਿੱਚ ਜਾਇਦਾਦ ਖਰੀਦੇਗਾ। 2. ਬੈਂਕ ਸਿਰਫ਼ ਸੰਕੇਤਕ ਤੌਰ 'ਤੇ ਜਾਇਦਾਦ ਦਾ ਕਬਜ਼ਾ ਸੌਂਪੇਗਾ ਅਤੇ ਸਫਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਭੌਤਿਕ ਕਬਜ਼ੇ ਦਾ ਦਾਅਵਾ ਨਹੀਂ ਕਰੇਗਾ। 3. ਬੈਂਕ ਭੌਤਿਕ ਕਬਜ਼ੇ ਨੂੰ ਸੌਂਪਣ ਲਈ ਜ਼ਿੰਮੇਵਾਰ ਜਾਂ ਡਿਊਟੀ ਪਾਬੰਦ ਨਹੀਂ ਹੋਵੇਗਾ। 4. ਸਫਲ ਨਿਲਾਮੀ ਖਰੀਦਦਾਰ ਕਿਸੇ ਵੀ ਸਥਿਤੀ ਵਿੱਚ ਪੈਸੇ ਦੀ ਵਾਪਸੀ ਵਿੱਚ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। 5. ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਘੋਸ਼ਣਾ-ਪੱਤਰ-ਕਮ-ਅਧਿਕਾਰ ਜਮਾਂ ਕਰਾਉਣਾ ਹੋਵੇਗਾ। 6. ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਘੋਸ਼ਣਾ-ਪੱਤਰ ਅਤੇ ਅੰਡਰਟੇਕਿੰਗ ਜਮਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਬੋਲੀ ਦੀ EMD ਰਕਮ ਜ਼ਬਤ ਕਰ ਲਈ ਜਾਵੇਗੀ। ਵਿਕਰੀ SARFAESI ਐਕਟ 2002 ਅਤੇ ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮਾਂ, 2002 ਦੇ ਨਿਯਮਾਂ ਅਤੇ ਉੱਪਰ ਦੱਸੇ ਗਏ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੈ।

ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਇਥੇ ਸਕੈਨ ਕਰੋ

ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਮਿਤੀ : 27.10.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)